ਇੰਜੀ: ਗੁਰਦੀਪ ਸਿੰਘ, ਪਹਿਲੀ ਐਪੀਲੈਂਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।

ਵਿਸ਼ਾ:- ਆਰ.ਟੀ.ਆਈ ਐਕਟ-2005 ਦੇ ਸੈਕਸ਼ਨ 19(1) ਅਧੀਨ ਪਹਿਲੀ ਅਪੀਲ – ਸ੍ਰੀ ਗਿਆਨ ਚੰਦ ਸਿੰਗਲਾ।

1) ਪੀ.ਆਈ.ਓ-ਕਮ-ਵਧੀਕ ਡਾਇਰੈਕਟਰ/ਪ੍ਰਸ਼ਾਸਨ (ਈਈ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।

2) ਅਪੀਲ ਕਰਤਾ:-

**ਮਿਤੀ 22.09.2020 ਦੀ ਕਾਰਵਾਈ ਰਿਪੋਰਟ**

ਅੱਜ ਮਿਤੀ 22.09.2020 ਨੂੰ ਪੀ.ਆਈ.ਓ-ਕਮ-ਵਧੀਕ ਡਾਇਰੈਕਟਰ/ਪ੍ਰਸ਼ਾਸਨ (ਈਈ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਵੱਲੋਂ ਸ੍ਰੀ ਗੁਰਬਿੰਦਰ ਸਿੰਘ, ਸੀਨੀਅਰ ਸਹਾਇਕ ਹਾਜਰ ਹੋਏ। ਅਪੀਲ ਕਰਤਾ ਖੁਦ ਹਾਜਰ ਨਹੀਂ ਹੋਏ।

ਮਿਤੀ 09.09.2020 ਨੂੰ ਸੁਣਵਾਈ ਦੌਰਾਨ ਅਪੀਲ ਕਰਤਾ ਨੂੰ ਲੜੀ ਨੰਬਰ 1 ਤੋਂ 3 ਤੱਕ ਮੰਗੀ ਗਈ ਸੂਚਨਾ ਸਬੰਧੀ ਮਿਤੀ 16.09.2020 ਤੋਂ 18.09.2020 ਤੱਕ ਕਿਸੇ ਵੀ ਦਿਨ ਦਫਤਰੀ ਸਮੇਂ ਦੌਰਾਨ ਨਿਜੀ ਤੌਰ ਤੇ ਆ ਕੇ ਦਫਤਰੀ ਰਿਕਾਰਡ ਦੇਖਣ ਉਪਰੰਤ ਲੋੜੀਂਦੀ ਸੂਚਨਾ ਇਕੱਤਰ ਕਰਨ ਲਈ ਕਿਹਾ ਗਿਆ ਸੀ। ਪਰ ਅਪੀਲ ਕਰਤਾ ਵੱਲੋਂ ਸੂਚਨਾ ਲੈਣ ਸਬੰਧੀ ਕੋਈ ਵੀ ਰੁਚੀ ਨਹੀਂ ਦਿਖਾਈ ਗਈ।

ਪੀ.ਆਈ.ਓ-ਕਮ-ਵਧੀਕ ਡਾਇਰੈਕਟਰ/ਪ੍ਰਸ਼ਾਸਨ (ਈਈ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲ ਕਰਤਾ ਵੱਲੋ ਮੰਗੀ ਗਈ ਸੂਚਨਾ ਨੂੰ ਚੰਗੀ ਤਰ੍ਹਾਂ ਘੋਖ ਕੇ ਅਗਲੀ ਸੁਣਵਾਈ ਦੀ ਮਿਤੀ ਤੋਂ ਪਹਿਲਾ-2 ਮੁਕੰਮਲ ਰੂਪ ਵਿੱਚ ਲੜੀ ਨੂੰ 1 ਤੋਂ 3 ਸਬੰਧੀ ਲੋੜੀਦੀ ਸੂਚਨਾ ਇਕੱਤਰ ਕਰਕੇ ਰਜਿਸਟਰਡ ਡਾਕ ਰਾਹੀ ਅਪੀਲ ਕਰਤਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਇਸ ਅਪੀਲ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ ਦਿਨ ਬੁੱਧਵਾਰ ਮਿਤੀ 30.09.2020 ਨੂੰ ਸਵੇਰੇ 11 ਵੱਜੇ ਨਿਸ਼ਚਿਤ ਕੀਤੀ ਜਾਂਦੀ ਹੈ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ 529-31 /131ਐਮ/2ਵ:ਸ/2020 ਮਿਤੀ 22 / 09/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ-ਕਮ-ਵਧੀਕ ਡਾਇਰੈਕਟਰ/ਪ੍ਰਸ਼ਾਸਨ (ਈਈ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਸ੍ਰੀ ਗਿਆਨ ਚੰਦ ਸਿੰਗਲਾ , #69-ਸੀ, ਮਾਡਲ ਟਾਊਨ, ਪਟਿਆਲਾ।

279
23/9/2020

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਕਾਪੀ:-

ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ।